National Research Journal of Social Sciences
Volume-11, Issue-1, January-June 2026
PP: 51-54

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ ਬਹਾਦਰ ਜੀ ਦੀ ਬਾਣੀ: ਵਰਤਮਾਨ ਪ੍ਰਸੰਗਿਕਤਾ

**ਹਰਸਿਮਰਨ ਕੌਰ**

ਅਸਿਸਟੈਂਟ ਪ੍ਰੋਫੈਸਰ

ਸ੍ਰੀ ਗੁਰੂ ਤੇਗ ਬਹਾਦਰ ਕਾਲਜ ਸਠਿਆਲਾ,ਗੁਰੂ ਨਾਨਕ ਦੇਵ ਯੂਨੀਵਰਸਿਟੀ ਕੰਸਟੀਚਿਊਐਂਟ ਕਾਲਜ

**ਸਾਰੰਸ਼:**

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਇਤਿਹਾਸਿਕ ਚੁਣੌਤੀਆਂ ਨਾਲ ਨਜਿੱਠਣ ਅਤੇ ਹੋਂਦ ਮੂਲਕ ਸੰਕਟ ਵਿੱਚੋਂ ਨਿਕਲਣ ਦੀ ਜਾਚ ਸਿਖਾਉਂਦੀ ਹੈ ਆਪ ਦੀ ਬਾਣੀ ਮਨੁੱਖ ਨੂੰ ਪਰਮਾਤਮਾ ਨਾਲ ਜੋੜਨ ਅਤੇ ਦੈਵੀ ਰਹੱਸੇ ਨੂੰ ਜਾਣਨ ਦਾ ਅਜਿਹਾ ਸਾਧਨ ਹੈ ਜੋ ਮਨੁੱਖ ਨੂੰ ਲੌਕਿਕ ਜਗਤ ਦੇ ਸੱਚ ਤੋਂ ਜਾਣੂ ਕਰਵਾਉਂਦੀ ਹੈ ਆਪ ਮੂਲ ਮਨੁੱਖੀ ਹੱਕਾਂ ਦੇ ਹੱਕ ਵਿੱਚ ਅਤੇ ਜਾਬਰ ਵਰਤਾਰੇ ਦੇ ਵਿਰੋਧ ਵਿੱਚ ਸਦਾ ਖੜੇ ਰਹੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੇ 57 ਸ਼ਬਦ(ਪਦੇ) ਤੇ 59 ਸਲੋਕ ਦਰਜ ਹਨ ਆਪ ਦੀ ਬਾਣੀ ਮਨੁੱਖ ਨੂੰ ਮਨ ਦੀ ਭਟਕਣਾ ਤੋਂ ਮੁਕਤ ਕਰਦਿਆਂ ਮੁਕਤੀ ਦੇ ਰਾਹ ਵੱਲ ਲੈ ਜਾਂਦੀ ਹੈ। ਮੇਰੇ ਖੋਜ ਪੱਤਰ ਦਾ ਵਿਸ਼ਾ **" ਗੁਰੂ ਤੇਗ ਬਹਾਦਰ ਜੀ ਦੀ ਬਾਣੀ: ਵਰਤਮਾਨ ਪ੍ਰਸੰਗਿਕਤਾ**"ਹੈ ਇਸ ਖੋਜ ਪੱਤਰ ਦੇ ਅੰਤਰਗਤ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਅਜੋਕੇ ਦੌਰ ਵਿੱਚ ਪ੍ਰਸੰਗਿਕਤਾ ਦੇ ਵਿਭਿੰਨ ਪੱਖ ਨੂੰ ਉਜਾਗਰ ਕੀਤਾ ਗਿਆ ਹੈ ' ਮਨ ਰੇ ਕਹਾ ਭਇਓ ਤੈ ਬਉਰਾ ਅਹਿਨਿਸ ਅਉਧ ਘਟੈ ਨਹੀਂ ਜਾਨੈ ਭਇਓ ਲੋਭ ਸੰਗਿ ਹਉਰਾ ਰਾਹੀਂ ਮਨੁੱਖ ਨੂੰ ਜੀਵਨ ਦੇ ਸਤਿ ਬਾਰੇ ਜਾਣਨ ਦਾ ਸੰਦੇਸ਼ ਦਿੱਤਾ ਗਿਆ ਹੈ ਤਾਂ ਜੋ ਇਸ ਮੁੱਲਵਾਨ ਜੀਵਨ ਨੂੰ ਅਣਜਾਨ ਹੋ ਕੇ ਨਾ ਗਵਾਇਆ ਜਾਵੇ ਇਸ ਖੋਜ ਪੱਤਰ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਵਿਭਿੰਨ ਸਰੋਕਾਰਾਂ ਤੇ ਉਸ ਦੀ ਵਰਤਮਾਨ ਪ੍ਰਸੰਗਿਕਤਾ ਬਾਰੇ ਚਰਚਾ ਕੀਤੀ ਗਈ ਹੈ

**ਕੁੰਜੀ ਸ਼ਬਦ**- ਬਾਣੀ,ਪ੍ਰਵਚਨ,ਵਾਸਤਵਿਕਤਾ,ਸੰਦੇਸ਼,ਵਰਤਮਾਨ ਮੂਲਵਾਨ, ਫਲਾਸਫੀ, ਸ਼ਹਾਦਤ, ਸ੍ਰਿਸ਼ਟੀ,ਝੂਠੀ, ਕੰਨਜਿਊਮਰ ਪਾਪੂਲਰ, ਮੁੱਲਵਾਨ

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਜੀਵਨ ਸੱਚ ਦੇ ਗਿਆਨ ਤੇ ਆਧਾਰਿਤ ਹੈ ਆਪ ਜੀ ਦਾ ਜਨਮ 1 ਅਪ੍ਰੈਲ 1621 ਈਸਵੀ (ਵੈਸਾਖ ਵਦੀ ਪੰਜ ਸੰਮਤ 1678) ਨੂੰ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਵਿਖੇ ਹੋਇਆ ਗੁਰੂ ਤੇਗ ਬਹਾਦਰ ਜੀ ਦੇ ਪਿਤਾ ਜੀ ਦਾ ਨਾਂ ਗੁਰੂ ਹਰਗੋਬਿੰਦ ਸਾਹਿਬ ਜੀ ਤੇ ਮਾਤਾ ਜੀ ਦਾ ਨਾਮ ਮਾਤਾ ਨਾਨਕੀ ਸੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ 5 ਸਪੁੱਤਰ ਬਾਬਾ ਗੁਰਦਿੱਤਾ ਜੀ ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਏ ਜੀ,ਬਾਬਾ ਅਟਲ ਰਾਏ ਜੀ ਤੇ ਬਾਬਾ ਤਿਆਗ ਮਲ( ਗੁਰੂ ਤੇਗ ਬਹਾਦਰ ਜੀ ) ਜੀ ਸਨ ਗੁਰੂ ਤੇਗ ਬਹਾਦਰ ਜੀ ਸਭ ਤੋਂ ਛੋਟੇ ਸਪੁੱਤਰ ਸਨ। ਗੁਰੂ ਹਰਗੋਬਿੰਦ ਜੀ ਦੀ ਇੱਕ ਸਪੁੱਤਰੀ ਬੀਬੀ ਵੀਰੋ ਜੀ ਸਨ। ਗੁਰੂ ਤੇਗ ਬਹਾਦਰ ਜੀ ਦਾ ਜੀਵਨ ਮਨੁੱਖ ਨੂੰ ਨਿਰਭੈ ਰਹਿ ਕੇ ਨਿੱਜ ਕਰੱਤਵ ਵਿੱਚ ਦ੍ਰਿੜ ਰਹਿਣਾ ਸਿਖਾਉਂਦਾ ਹੈ ਉਹਨਾਂ ਦਾ ਜੀਵਨ ਲੋਭ,ਪਦਾਰਥਕ ਮੋਹ ਅਤੇ ਦੁਨੀਆਦਾਰੀ ਤੇ ਮਾਇਆ ਦੇ ਜਾਲ ਤੋਂ ਅਭਿੱਜ ਸੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜੀਵਨ ਬਹੁਤ ਸਾਦਗੀ ਤੇ ਸੱਚ ਦੇ ਰਾਹ ਉੱਤੇ ਚੱਲਣ ਵਾਲਾ ਸੀ ਉਹਨਾਂ ਨੇ ਆਪਣੇ ਜੀਵਨ ਵਿੱਚ ਮਨੁੱਖ ਦੀ ਵਿਅਕਤੀਗਤ ਪੱਖ ਅਤੇ ਸਮਾਜ ਨੂੰ ਸੁਧਾਰਨ ਵੱਲ ਵਧੇਰੇ ਜ਼ੋਰ ਦਿੱਤਾ ਉਨਾਂ ਦੇ ਜੀਵਨ ਦੀ ਫਿਲਾਸਫੀ ਪਰਮਾਤਮਾ ਦੀ ਸਰਬ ਵਿਆਪਕਤਾ ਦੇ ਪਰਮਾਤਮਾ ਦੇ ਨਾਮ ਸਿਮਰਨ ਉੱਤੇ ਵਧੇਰੇ ਕੇਂਦਰਿਤ ਰਹੀ ਹੈ

ਗੁਰੂ ਤੇਗ ਬਹਾਦਰ ਜੀ ਨੂੰ 'ਹਿੰਦ ਦੀ ਚਾਦਰ 'ਵੀ ਕਿਹਾ ਜਾਂਦਾ ਹੈ ਆਪ ਜੀ ਦੁਆਰਾ ਦੂਜੇ ਧਰਮ ਦੀ ਆਜ਼ਾਦੀ ਲਈ ਤਿਲਕ ਜੰਞੂ ਨੂੰ ਬਚਾਇਆ ਗਿਆ ਅਤੇ ਜ਼ੁਲਮ ਨੂੰ ਵੰਗਾਰਦਿਆਂ ਹੋਇਆਂ ਉਸਦੇ ਖਾਤਮੇ ਲਈ ਸ਼ਹਾਦਤ ਦੇਣ ਤੋਂ ਵੀ ਗੁਰੇਜ਼ ਨਹੀਂ ਕੀਤਾ ਆਪ ਨੇ ਦੂਜੇ ਧਰਮ ਲਈ ਸ਼ਹਾਦਤ ਦਿੰਦਿਆਂ ਸੀ ਤੱਕ ਨਾ ਉਚਾਰੀ ਉਹਨਾਂ ਨਾਲ ਉਹਨਾਂ ਦੇ ਤਿੰਨ ਸਿੱਖ ਭਾਈ ਮਤੀ ਦਾਸ ਜੀ,ਭਾਈ ਸਤੀ ਦਾਸ ਜੀ ਦੇ ਭਾਈ ਦਿਆਲਾ ਜੀ ਨੂੰ ਵੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਆਪ ਜੀ ਦੀ ਸ਼ਹਾਦਤ ਉਪਰੰਤ ਲੋਕਾਂ ਅੰਦਰ ਮੁਗਲ ਹਾਕਮਾਂ ਦੇ ਵਿਰੋਧ ਵਿੱਚ ਰੋਸ ਪੈਦਾ ਹੋਇਆ ਅਤੇ ਸਮੁੱਚੇ ਵਿਸ਼ਵ ਵਿੱਚ ਹਾਹਾਕਾਰ ਮੱਚ ਗਈ ਆਪ ਜੀ ਦੀ ਸ਼ਹਾਦਤ ਨੇ ਕਮਜ਼ੋਰ, ਮਜ਼ਲੂਮ ਅਤੇ ਮਜ਼ਬੂਰ ਲੋਕਾਂ ਦੇ ਅੰਦਰ ਨਵੀਂ ਰੂਹ ਫੂਕ ਦਿੱਤੀ ਅਤੇ ਉਹਨਾਂ ਮੁਰਦਾ ਰੂਹਾਂ ਅੰਦਰ ਵੀ ਅਣਖ ਜਗਾ ਦਿੱਤੀ ਸੀ ਆਪ ਜੀ ਦੀ ਸ਼ਹਾਦਤ ਮੂਲ ਰੂਪ ਵਿੱਚ ਕਿਸੇ ਦੁਨਿਆਵੀ ਮਨੋਰਥ ਤੋਂ ਹਟ ਕੇ ਸਰਬਤ ਦੇ ਭਲੇ ਵਲ ਇਸ਼ਾਰਾ ਕਰਦੀ ਹੈ ਆਪ ਜੀ ਦੁਆਰਾ ਅਕਾਲ ਪੁਰਖ ਦੇ ਭਾਣੇ ਨੂੰ ਸਵੀਕਾਰ ਕਰਦੇ ਹੋਏ ਡੋਲਦਾ ਤੇ ਦ੍ਰਿੜਤਾ ਨਾਲ ਸ਼ਹਾਦਤ ਦਿੱਤੀ ਗਈ।'ਗੁਰੂ ਤੇਗ ਬਹਾਦਰ ਜੀ ਇੱਕ ਥਾਂ ਟਿਕ ਕੇ ਨਹੀਂ ਬੈਠ ਸਕੇ ਕਿਉਂ ਜੋ ਲੋਕਾਂ ਦੇ ਸਮੂਹਕ ਦੁਖੜੇ ਉਹਨਾਂ ਲਈ ਅਸਹਿ ਹੁੰਦੇ ਰਹੇ ਸਨ। ਉਹ ਲਗਾਤਾਰ ਦੌਰਾ ਹੀ ਕਰਦੇ ਰਹੇ, ਆਪਣੇ ਸੇਵਕਾਂ ਨੂੰ ਪਿੰਡਾਂ ਦੇ ਬਣਾ ਦੀਆਂ ਕੁਟੀਆ ਵਿੱਚ ਜਾ ਕੇ ਨਿਵਾਜਦੇ ਰਹੇ।ਉਨਾਂ ਨੇ ਪੂਰਬੀ ਭਾਰਤ ਵਿੱਚ ਢਾਕਾ ਤੋਂ ਅਸਾਮ ਤੱਕ ਯਾਤਰਾ ਕੀਤੀ ਜਿੱਥੇ ਪਹਿਲਾਂ ਗੁਰੂ ਨਾਨਕ ਦੇਵ ਜੀ ਗਏ ਸਨ।ਉਹਨਾਂ ਨੇ ਗੁਰੂ ਦੀ ਜੋਤ ਨੂੰ ਥਾਂ ਥਾਂ ਮੁੜ ਜਗਾ ਦਿੱਤਾ।ਧੁਬਰੀ ਵਿਖੇ ਉਨਾਂ ਨੇ ਅਸਾਮ ਵਿੱਚ ਸੰਗਤ ਕਾਇਮ ਕੀਤੀ ਤੇ ਆਪਣੇ ਪਵਿੱਤਰ ਦਰਸ਼ਨਾਂ ਨਾਲ ਕਈ ਪਰਿਵਾਰਾਂ ਦੇ ਭਾਗ ਚਮਕਾਏ।[1] ਆਪ ਜੀ ਦਾ ਸਮੁੱਚਾ ਜੀਵਨ ਵਿਸ਼ਵ ਨੂੰ ਹਿੰਮਤ ਤੇ ਦ੍ਰਿੜ ਨਿਸ਼ਚੇ ਦਾ ਸੰਦੇਸ਼ ਦੇਣ ਦਾ ਸੂਚਕ ਹੈ ।ਆਪ ਜੀ ਦੀ ਵਿਦਿਆ ਪਿਤਾ ਗੁਰੂ ਹਰਗੋਬਿੰਦ ਜੀ ਦੀ ਨਿਗਰਾਨੀ ਹੇਠ ਹੋਈ। ਆਪ ਨੇ ਫੌਜੀ ਸਿੱਖਿਆ ਵੀ ਗ੍ਰਹਿਣ ਕੀਤੀ। ਆਪ ਜੀ ਦਾ ਬਚਪਨ ਧਾਰਮਿਕ ਮਾਹੌਲ ਦੇ ਨਾਲ ਫੌਜੀ ਵਾਤਾਵਰਨ ਵਿੱਚ ਵੀ ਬੀਤਿਆ। ਆਪ ਨੇ ਫੌਜੀ ਸਿੱਖਿਆ ਵਿੱਚ ਪਰਪੱਕਤਾ ਹਾਸਿਲ ਕਰਦਿਆਂ ਇੱਕ ਚੰਗਾ ਸ਼ਾਹ ਸਵਾਰ,ਤੀਰ-ਅੰਦਾਜ਼ ਅਤੇ ਵਿਭਿੰਨ ਸ਼ਸਤਰ ਚਲਾਉਣ ਦਾ ਅਭਿਆਸ ਸਿੱਖਿਆ।ਬਲਵੰਤ ਸਿੰਘ ਆਨੰਦ ਨੇ ਆਪਣੀ ਪੁਸਤਕ 'Guru Teg Bahadur: A Biography' ਵਿਚ ਗੁਰੂ ਤੇਗ ਬਹਾਦਰ ਜੀ ਦੀ ਵਿਦਿਆ ਦੇ ਸਬੰਧ ਵਿੱਚ ਲਿਖਿਆ ਹੈ, ' Teg Bahadur went to school at age of six. Three systems of education was


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

prevalent at that time: the Gurukul system, the Pathshalas run by Brahmins and Madrasa has run by Maulvis. They were mostly meant for the elite; the masses were mostly illiterate. The two most remarkable man to whom among others, the task of educating Tegh Bahadur was assigned work by Bhai Gurdas and Bhai Buddha. They are both highly eminent Sikh who had enjoyed the privilege of long association with the families of Guru. [2]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਤੇਗ ਬਹਾਦਰ ਬਾਣੀ ਦਾ ਸੰਕਲਨ 15 ਰਾਗਾਂ ਵਿੱਚ ਕੀਤਾ ਗਿਆ ਹੈ। ਇਹਨਾਂ ਰਾਗਾਂ ਵਿੱਚ ਰਾਗ ਗਉੜੀ, ਆਸਾ, ਦੇਵ ਗੰਧਾਰੀ, ਬਿਹਾਗੜਾ, ਸੋਰਠਿ, ਜੈਤਸਰੀ, ਧਨਾਸਰੀ, ਟੋਡੀ,ਤਿਲੰਗ,ਬਿਲਾਵਲ, ਰਾਮਕਲੀ, ਮਾਰੂ,ਬਸੰਤ,ਸਾਰੰਗ ਅਤੇ ਜੈਜਾਵਤੀ ਸ਼ਾਮਲ ਹਨ। ਇਹਨਾਂ ਰਾਗਾਂ ਵਿੱਚ ਗੁਰੂ ਤੇਗ ਬਹਾਦਰ ਜੀ ਦੇ 59 ਸਲੋਕ ਜਾਂ ਸ਼ਬਦ ਸ਼ਾਮਿਲ ਹਨ। ਇਸ ਤੋਂ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਤਲੇ ਭਾਗ ਵਿੱਚ 57 ਸਲੋਕ ਵੀ ਦਰਜ ਹਨ। ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਨਿਰਭੈ ਅਤੇ ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਓ ' ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦੇ ਸਿਧਾਂਤਾਂ ਦੀ ਗੱਲ ਕਰਦੀ ਹੈ।ਆਪ ਜੀ ਦੀ ਸ਼ਖਸੀਅਤ ਸ਼ਕਤੀ ਤੇ ਸ਼ਾਂਤੀ ਦੀ ਪ੍ਰਤੀਕ ਸੀ। ਆਪ ਜੀ ਨੇ ਭਾਈਚਾਰਕ ਸਾਂਝ ਦਾ ਸੁਨੇਹਾ ਦਿੰਦਿਆਂ ਆਪਣਾ ਸੰਪੂਰਨ ਜੀਵਨ ਦੂਜਿਆਂ ਦੇ ਲੇਖੇ ਲਾਇਆ। ਆਪ ਦੁਆਰਾ ਲੋਕਾਂ ਨੂੰ ਅਧਿਆਤਮਕ ਗਿਆਨ ਵੱਲ ਜ਼ੋਰ ਦਿੰਦਿਆਂ ਬਾਹਰੀ ਕਰਮਕਾਂਡਾਂ ਤੇ ਖੋਖਲੀਆਂ ਰਸਮਾਂ-ਰਿਵਾਜਾਂ ਤੋਂ ਗੁਰੇਜ਼ ਕਰਨ ਦੀ ਗੱਲ ਕਹੀ ਗਈ।“ਗੁਰੂ ਤੇਗ ਬਹਾਦਰ ਜੀ ਦੀ ਐਸੀ ਸ਼ਖਸੀਅਤ ਨੂੰ ਨਾ ਰਾਜ ਨਾ ਸਮਾਜ ਨਾ ਭਾਈਚਾਰਾ ਅਤੇ ਨਾ ਸਿਰ ਪਈਆਂ ਜਿੰਮੇਵਾਰੀਆਂ ਦਾ ਭਾਰ ਝੁਲਾ ਸਕਿਆ। ਆਪ ਹਿਮਲਾਵਰਾਂ ਪ੍ਰਤੀ ਬਹੁਤ ਅਹਿਲ ਸਨ ਪਰ ਅਤਿ ਤਰਸਵਾਨ ਅਤੇ ਕੋਮਲ ਹਿਰਦਾ ਰੱਖਦੇ ਹੋਣ ਕਾਰਨ ਆਪ ਨੇ ਸਮੁੱਚੇ ਤੌਰ ਤੇ ਜਨਤਾ ਦਾ ਦੁੱਖ ਵੰਡਾਉਣ ਅਤੇ ਗੁਰੂ ਨਾਨਕ ਦੀਆਂ ਉਲੀਕੀਆਂ ਲੀਹਾਂ ਪੁਰ ਤੁਰ ਕੇ ਜ਼ੁਲਮ ਦੇ ਨਾਸ਼ ਹਿਤ ਜਨਤਾ ਦੇ ਆਤਮ-ਵਿਸ਼ਵਾਸ਼ ਨੂੰ ਮਜ਼ਬੂਤ ਕਰਨ ਦਾ ਉਦਮ ਆਰੰਭਿਆ ਤੇ ਇਸ ਦੇ ਲਈ ਦੇਸ਼ ਅੰਦਰ ਥਾਂ ਥਾਂ ਫਿਰ ਕੇ ਲੋਕ ਸੋਚਣੀ ਨੂੰ ਟੁੰਬਣਾ ਸ਼ੁਰੂ ਕੀਤਾ”।[3]

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਆਮ ਲੋਕਾਂ ਦੇ ਦਿਲਾਂ ਤੇ ਡੂੰਘਾ ਪ੍ਰਭਾਵ ਪਾਉਣ ਵਿੱਚ ਸਫਲ ਰਹੀ ਹੈ ਆਪ ਦੀ ਬਾਣੀ ਦੀ ਮੂਲ ਸੁਰ ਵੈਰਾਗ ਹੈ।ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਵਿਲੱਖਣਤਾ ਉਸਦਾ ਇੱਕ ਪੱਖੀ ਨਾ ਹੋ ਕੇ ਬਹੁ ਪੱਖੀ ਹੋਣਾ ਹੈ । ਨਾਸ਼ਮਾਨਤਾ, ਵਿਕਾਰਾਂ ਦਾ ਨਾਸ਼, ਮਾਇਆ ਤੇ ਹਉਮੈ ਦਾ ਤਿਆਗ, ਮਨੁੱਖ ਦਾ ਉੱਚਾ ਆਚਰਣ, ਦੁਨਿਆਵੀ ਰਿਸ਼ਤਿਆਂ ਦਾ ਸੱਚ, ਮਾੜੇ ਕਰਮਾਂ ਦਾ ਤਿਆਗ, ਆਤਮਿਕ ਅਡੋਲਤਾ, ਸ੍ਰਿਸ਼ਟੀ ਰਚਨਾ, ਖੁਸ਼ਹਾਲ ਜੀਵਨ ਲਈ ਮਾਰਗ ਦਰਸ਼ਨ, ਪ੍ਰਭੂ ਭਗਤੀ, ਚਿੰਤਾ ਮੁਕਤ ਜੀਵਨ, ਮੁਕਤੀ ਮਾਰਗ ਆਦਿ ਸਰੋਕਾਰਾਂ ਤਹਿਤ ਸਮਾਜ ਨੂੰ ਸਧਾਰਨ ਵਲ ਕੇਂਦਰਿਤ ਰਹੇ।ਆਪ ਬੁਰਾਈਆਂ ਰਹਿਤ ਸਮਾਜ ਦੇ ਮਾਡਲ ਨੂੰ ਸਿਰਜਣ ਵੱਲ ਰੁਚਿਤ ਸਨ। ਇੰਡੀਆ ਟੁਡੇ ' 7 teachings of Guru Teg Bahadur that preach humanitarism we need today', ਵਿਚ ਗੁਰੂ ਤੇਗ ਬਹਾਦਰ ਦੀ ਬਾਣੀ ਵਿੱਚ ਪੇਸ਼ ਹੋਏ ਸੱਤ ਵਿਚਾਰਾਂ ਨੂੰ ਆਪਣੇ ਜੀਵਨ ਵਿੱਚ ਸ਼ਾਮਿਲ ਕਰਨ ਦੀ ਗੱਲ ਕੀਤੀ ਗਈ ਹੈ।[4]

ਮਨੁੱਖ ਨੂੰ ਜੀਵਨ ਦਾ ਸਭ ਤੋਂ ਉੱਤਮ ਜੀਵ ਮੰਨਿਆ ਜਾਂਦਾ ਹੈ। ਮਨੁੱਖੀ ਜੀਵਨ ਨੂੰ ਸਫਲ ਬਣਾਉਣ ਲਈ ਮਾੜੇ ਕਰਮਾਂ ਦਾ ਤਿਆਗ ਕਰਕੇ ਪਰਮਾਤਮਾ ਨਾਲ ਸਾਂਝ ਜੋੜ ਕੇ ਸੰਸਾਰ ਦੇ ਭਵ ਸਾਗਰ ਨੂੰ ਪਾਰ ਕੀਤਾ ਜਾ ਸਕਦਾ ਹੈ। ਸਮਾਜ ਦੇ ਬਹੁਤ ਸਾਰੇ ਲੋਕ ਅਜਿਹੇ ਹਨ ਜੋ ਛਲਾਵੇ ਵਿੱਚ ਜੀਵਨ ਬਤੀਤ ਕਰ ਰਹੇ ਹਨ ਤੇ ਆਪਣੇ ਜੀਵਨ ਨੂੰ ਵਿਅਰਥ ਗਵਾ ਰਹੇ ਹਨ।ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਮਨੁੱਖ ਨੂੰ ਆਪਣੇ ਜੀਵਨ ਵਿੱਚ ਨਾਮ ਸਿਮਰਨ ਵੱਲ ਜ਼ੋਰ ਦੇਣ ਦਾ ਇਸ਼ਾਰਾ ਕਰਦੀ ਹੈ :

ਬਹੁਤ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ

ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ

ਮਨੁੱਖ ਦੁਨਿਆਵੀ ਰਿਸ਼ਤਿਆਂ ਦੇ ਮੋਹ ਵਿੱਚ ਫਸਿਆ ਹੋਇਆ ਹੈ ਪਰਿਵਾਰਕ ਰਿਸ਼ਤਿਆਂ ਦੀ ਮੋਹ ਵਿੱਚ ਫਸਿਆ ਮਨੁੱਖ ਜੀਵਨ ਦੇ ਕੀਮਤੀ ਪਲਾ ਨੂੰ ਗਵਾ ਲੈਂਦਾ ਹੈ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਮਨੁੱਖ ਨੂੰ ਦੁਨਿਆਵੀ ਰਿਸ਼ਤਿਆਂ ਦੀ ਅਸਥਿਰਤਾ ਦੇ ਸੱਚ ਬਾਰੇ ਦੱਸਦੀ ਹੈ ਇਹ ਰਿਸ਼ਤੇ ਕਿਤੇ ਨਾ ਕਿਤੇ ਸਵਾਰਥ ਨਾਲ ਵੀ ਜੁੜੇ ਹੋਏ ਹਨ ਸਵਾਰਥ ਖਤਮ ਹੋਣ ਉਪਰੰਤ ਇਹ ਰਿਸ਼ਤੇ ਮਨੁੱਖ ਦਾ ਸਾਥ ਛੱਡ ਜਾਂਦੇ ਹਨ ਜਿਸ ਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ' ਝੂਠੀ ਦੇਖੀ ਪ੍ਰੀਤ 'ਨਾਲ ਸੰਬੋਧਿਤ ਕਰਦੇ ਹਨ :

ਜਗਤ ਮੈ ਝੂਠੀ ਦੇਖੀ ਪ੍ਰੀਤ

ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ

(ਦੇਵਗੰਧਾਰੀ )

ਇਹ ਜਗ ਮੀਤੁ ਨਾ ਦੇਖਿਓ ਕੋਈ

ਸਗਲ ਜਗਤੁ ਅਪਨੈ ਸੁਖ ਲਾਗਿਓ ਦੁਖ ਮੈ ਸੰਗਿ ਨ ਹੋਈ

( ਸੋਰਿਠ )


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਜੋ ਤਨੁ ਤੈ ਅਪਨੋ ਕਰ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ

ਇਨ ਮੈਂ ਕੁਛ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ

( ਗਉੜੀ )

ਸ੍ਰਿਸ਼ਟੀ ਰਚਨਾ ਦਾ ਮੂਲ ਆਧਾਰ ਪਰਮਾਤਮਾ ਹੈ। ਸ੍ਰਿਸ਼ਟੀ ਜੋ ਕਿ ਪਰਿਵਰਤਨਸ਼ੀਲ ਹੈ ਅਤੇ ਇਸ ਦੇ ਕਣ ਕਣ ਵਿੱਚ ਪਰਮਾਤਮਾ ਦਾ ਵਾਸਾ ਹੈ। ਗੁਰੂ ਤੇਗ ਬਹਾਦਰ ਦੀ ਬਾਣੀ ਸ੍ਰਿਸ਼ਟੀ ਬਾਰੇ ਦੱਸਦੀ ਹੈ। ਗੁਰੂ ਜੀ ਨੇ ਜਗਤ ਦੀ ਬੱਦਲ ਨਾਲ ਤੁਲਨਾ ਕਰਦਿਆਂ ਉਸਨੂੰ ਥੋੜਚਿਰਾ ਕਿਹਾ ਹੈ।ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਮਨੁੱਖ ਨੂੰ ਜੀਵਨ ਦੇ ਯਥਾਰਥ ਨਾਲ ਜਾਣੂ ਕਰਾਉਂਦਿਆਂ ਕੁੱਲ ਜਗਤ ਦੀ ਨਾਸ਼ਮਾਨਤਾ ਦੀ ਗੱਲ ਕਰਦੀ ਹੈ :

ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ

ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ

( ਗਉੜੀ)

ਮਨੁੱਖ ਜੀਵਨ ਵਿੱਚ ਵਿਕਾਰਾਂ ਵਿੱਚ ਫਸਿਆ ਹੋਇਆ ਹੈ।ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਮਨੁੱਖ ਨੂੰ ਵਿਕਾਰਾਂ ਤੋਂ ਉੱਪਰ ਉੱਠ ਕੇ ਸੱਚ ਦਾ ਜੀਵਨ ਜਿਉਣ ਵੱਲ ਪ੍ਰੇਰਿਤ ਕਰਦੀ ਹੈ ਸੰਸਾਰ ਵਿੱਚ ਰਹਿੰਦਿਆਂ ਸਾਨੂੰ ਵਿਸ਼ੇ ਵਿਕਾਰਾਂ ਤੋਂ ਦੂਰ ਰਹਿ ਕੇ ਪਰਮਾਤਮਾ ਦੇ ਨਾਮ ਨਾਲ ਜੁੜਨਾ ਚਾਹੀਦਾ ਹੈ। ਪਰਮਾਤਮਾ ਦਾ ਨਾਮ ਸਿਮਰਨ ਹੀ ਮਨੁੱਖ ਦੇ ਜੀਵਨ ਨੂੰ ਸਫਲ ਬਣਾਉਂਦਾ ਹੈ :

ਨਰ ਅਚੇਤ ਪਾਪ ਤੇ ਡਰੁ ਰੇ

ਦੀਨ ਦਇਆਲ ਸਗਲ ਭੈ ਭੰਜਨ ਸਰਨਿ ਤਾਹੀ ਤੁਮ ਪਰੁ ਰੇ

( ਗਉੜੀ )

ਦਾਨ ਦੇਣਾ ਉੱਤਮ ਕਾਰਜ ਮੰਨਿਆ ਜਾਂਦਾ ਹੈ। ਕਿਸੇ ਮਨੁੱਖ ਦੀ ਲੋੜ ਸਮੇਂ ਉਸ ਦੀ ਮਦਦ ਕਰਨਾ ਚੰਗਾ ਕਰਮ ਹੁੰਦਾ ਹੈ। ਗੁਰੂ ਤੇਗ ਬਹਾਦਰ ਦੀ ਬਾਣੀ ਦਾਨ ਦੇਣ ਨੂੰ ਸਲਾਹੁੰਦੀ ਤੇ ਹੈ ਪ੍ਰੰਤੂ ਦਾਨ ਦੇਣ ਦਾ ਹਉਮੈ ਕਰਨਾ ਗ਼ਲਤ ਮੰਨਦੀ ਹੈ।ਨਿਮਰਤਾ ਨਾਲ ਕੀਤਾ ਦਾਨ ਹੀ ਸਫਲ ਹੈ ਤੇ ਪਰਮਾਤਮਾ ਦੀ ਦਰਗਾਹ ਤੇ ਸਵੀਕਾਰਿਆ ਜਾਂਦਾ ਹੈ ਜਦਕਿ ਹੰਕਾਰ ਵਿੱਚ ਦਿੱਤਾ ਦਾਨ ਅਸਲ ਵਿੱਚ ਨਿਫਲ ਦਾਨ ਹੋ ਨਿਬੜਦਾ ਹੈ :

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ

ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ

(ਸਲੋਕ)

ਗੁਰੂ ਤੇਗ ਬਹਾਦਰ ਜੀ ਬਾਣੀ ਪ੍ਰਭੂ ਨਾਮ ਸਿਮਰਨ ਨਾਲ ਜੋੜਨ ਵੱਲ ਇਸ਼ਾਰਾ ਕਰਦੀ ਹੈ ਮਨੁੱਖ ਦੁਨਿਆਵੀ ਜਿੰਮੇਵਾਰੀਆਂ ਨਿਭਾਉਂਦਾ ਹੋਇਆ ਵੀ ਹਰ ਵੇਲੇ ਪਰਮਾਤਮਾ ਨੂੰ ਯਾਦ ਰੱਖੇ। ਮਨੁੱਖ ਕਣ ਕਣ ਵਿੱਚ ਵਸੇ ਪਰਮਾਤਮਾ ਦੀ ਹੋਂਦ ਨੂੰ ਪਛਾਣਦਿਆ ਆਪਣੇ ਜੀਵਨ ਨੂੰ ਸਫਲਾ ਬਣਾਉਣ ਦਾ ਯਤਨ ਕਰੇ :

ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ

ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕੋ ਮੀਨੁ

(ਸਲੋਕ)

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਨੁੱਖ ਨੂੰ ਚੰਗੀ ਸੰਗਤ ਵਿਚ ਰਹਿਣ ਦਾ ਆਦੇਸ਼ ਦਿੰਦੀ ਹੈ। ਮਨੁੱਖ ਦੇ ਜੀਵਨ ਵਿੱਚ ਸੰਗਤ ਦੀ ਅਹਿਮ ਭੂਮਿਕਾ ਹੁੰਦੀ ਹੈ। ਇਸ ਪੱਖ ਨੂੰ ਦਰਸਾਉਂਦੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਮਨੁੱਖ ਦੀ ਸ਼ਖਸੀਅਤ ਵਿੱਚ ਸੰਗਤ ਦੀ ਅਹਿਮੀਅਤ ਨੂੰ ਪ੍ਰਗਟਾਉਂਦੀ ਹੈ । ਚੰਗੀ ਸੰਗਤ ਮਨੁੱਖ ਨੂੰ ਵਿਕਾਰਾਂ ਤੋਂ ਦੂਰ ਕਰਦੇ ਹਨ। ਇਸ ਲਈ ਮਾਨਵ ਜੀਵਨ ਵਿੱਚ ਚੰਗੀ ਸੰਗਤ ਦਾ ਹੋਣਾ ਬੇਹਦ ਜ਼ਰੂਰੀ ਹੈ :

ਕਾਮੁ ਕ੍ਰੋਧ ਸੰਗਤ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ

(ਗਉੜੀ)


© Copyright @ Authors

ਮੌਤ ਦੇ ਭੈਅ ਸਬੰਧੀ ਵੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿੱਚ ਜਿਕਰ ਹੋਇਆ ਹੈ। ਮਨੁੱਖ ਨੂੰ ਮੌਤ ਦੇ ਭੈਅ ਤੋਂ ਮੁਕਤ ਕਰਾਉਂਦੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਪਰਮਾਤਮਾ ਦੇ ਨਾਂ ਨਾਲ ਜੋੜਨ ਦਾ ਯਤਨ ਕਰਦੀ ਹੈ । ਆਪ ਜੀ ਦੀ ਬਾਣੀ ਮਨੁੱਖ ਨੂੰ ਜੀਵਨ ਨੂੰ ਪਰਮਾਤਮਾ ਦੇ ਭਾਣੇ ਵਿੱਚ ਬਤੀਤ ਕਰਨ ਦੀ ਜਾਂਚ ਸਿਖਾਉਂਦੀ ਹੈ :

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ
ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ

( ਸਲੋਕ)

ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਮੁੱਚੀ ਬਾਣੀ ਮਨੁੱਖ ਦੀ ਸੁਚਾਰੂ ਸੁਖਸੀਅਤ ਬਣਾਉਣ ਵੱਲ ਕੇਂਦਰਿਤ ਹੈ। ਆਪ ਦੀ ਬਾਣੀ ਮਾਨਵ ਚੇਤਨਾ ਵਿੱਚ ਉਭਰਨ ਵਾਲੇ ਉਦਾਸਹੀਨਤਾ ਸੰਦਰਭ ਨੂੰ ਪ੍ਰਦਰਸ਼ਿਤ ਕਰਦਿਆਂ ਮਨੁੱਖ ਨੂੰ ਕਲਿਆਣ ਦੇ ਰਾਹ ਵੱਲ ਲੈ ਜਾਂਦੀ ਹੈ। ਆਪ ਜੀ ਦੀ ਬਾਣੀ ਸਮਾਜ ਦੇ ਹਰੇਕ ਵਿਸ਼ੇ ਨੂੰ ਉਜਾਗਰ ਕਰਦੀ ਹੈ। ਜੀਵਨ ਦੇ ਵਿਸ਼ੇਸ਼ ਨੁਕਤੇ ਚੰਗੇ ਕਰਮ ਕਰਨ, ਸੱਚ ਬੋਲਣ, ਚੰਗੀ ਸੰਗਤ ਵਿੱਚ ਰਹਿਣ,ਕਰਮਕਾਂਡਾਂ ਤੋਂ ਦੂਰ,ਵਿਸ਼ੇ ਵਿਕਾਰਾਂ ਦਾ ਤਿਆਗ,ਹਉਮੈ ਦਾ ਤਿਆਗ, ਮਾਇਆ ਦਾ ਤਿਆਗ, ਮੁਆਫ ਕਰਨ ਦੀ ਪ੍ਰਵਿਰਤੀ,ਦਾਨ ਕਰਨ ਦੀ ਪ੍ਰਵਿਰਤੀ ਤੇ ਜ਼ੋਰ, ਮੌਤ ਦੀ ਅਟੱਲਤਾ,ਸੰਸਾਰ ਦੀ ਨਾਸ਼ਮਾਨਤਾ, ਵੈਰਾਗ ਦੀ ਭਾਵਨਾ, ਨਾਮ ਸਿਮਰਨ ਤੇ ਜ਼ੋਰ, ਪਰਮਾਤਮਾ ਦੀ ਸਰਵ ਵਿਆਪਕਤਾ, ਪਰਮਾਤਮਾ ਦੀ ਮਹਿਮਾ, ਪਰਮਾਤਮਾ ਦੀ ਪ੍ਰਾਪਤੀ ਜਿਹੇ ਬਾਣੀ ਵਿੱਚ ਉਭਰਨ ਵਾਲੇ ਮਹੱਤਪੂਰਨ ਪੱਖ ਅੱਜ ਪਾਪੂਲਰ, ਟੈਕਨੋ ਤੇ ਕੰਨਜੀਊਮਰ ਕਲਚਰ ਦੇ ਦੌਰ ਵਿੱਚ ਵੀ ਆਪਣੀ ਸਾਰਥਕਤਾ ਬਣਾਈ ਰੱਖਣ ਵਿੱਚ ਕਾਮਯਾਬ ਹਨ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਵਿੱਚ ਮਨੁੱਖ ਨੂੰ ਦਿਖਾਇਆ ਗਿਆ ਸੱਚ ਦਾ ਮਾਰਗ ਅੱਜ ਵੀ ਸਾਡੇ ਸਾਰਿਆਂ ਲਈ ਪ੍ਰੇਰਨਾਦਾਇਕ ਹੈ । ਗੁਰੂ ਤੇਗ ਬਹਾਦਰ ਜੀ ਦੀ ਬਾਣੀ ਜੀਵਨ ਇਤਿਹਾਸ ਦੇ ਪ੍ਰਮਾਣਿਕ ਵੇਰਵੇ ਪੇਸ਼ ਕਰਦੀ ਹੋਈ ਮਨੁੱਖ ਨੂੰ ਪਰਮਾਤਮਾ ਨਾਲ ਜੋੜਨ ਤੇ ਨਾਮ ਸਿਮਰਨ ਵੱਲ ਜ਼ੋਰ ਦੇਣ ਵੱਲ ਇਸ਼ਾਰਾ ਕਰਦੀ ਹੈ । ਆਪ ਜੀ ਦੀ ਬਾਣੀ ਦਾ ਪ੍ਰਵਚਨ ਜਿੱਥੇ ਦੁਨਿਆਵੀ ਪ੍ਰੇਮ ਤੇ ਭਾਈਚਾਰਕ ਸਾਂਝ ਦੀ ਗੱਲ ਕਰਦਾ ਹੈ। ਉੱਥੇ ਸੱਚੇ- ਸੁੱਚੇ ਧਰਮ ਦੀ ਪਾਲਣਾ ਕਰਦਿਆਂ ਵਿਸਮਾਦੀ ਅਨੁਭਵਾਂ ਦਾ ਵੀ ਪ੍ਰਗਟਾ ਹੈ। ਨਿਰਸੰਦੇਹ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਪ੍ਰਸੰਗਿਕਤਾ ਸਦੀਆਂ ਤੱਕ ਕਾਇਮ ਰਹੇਗੀ।

**ਹਵਾਲੇ**

1. ਪੂਰਨ ਸਿੰਘ, ਦਸ ਗੁਰ ਦਰਸ਼ਨ, ( ਅਨੁ. ਕਿਰਪਾਲ ਸਿੰਘ ਕਸੇਲ),ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1999, ਪੰਨੇ -95 -96
2. Balwant Singh Anand, **Guru Teg Bahadur: A Biography,** Starling Publishers pvt Ltd, New Delhi, 1979, p 22
3. ਤਾਰਨ ਸਿੰਘ ( ਸੰਪਾ.), ਗੁਰੂ ਤੇਗ ਬਹਾਦਰ :ਜੀਵਨ ,ਸੰਦੇਸ਼ ਤੇ ਸ਼ਹਾਦਤ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ,1997, ਪੰਨਾ- 74
4. https// www.indiatoday.in/ Nov 23,2017,12. 37


© Copyright @ Authors